Session 2019-20

# Programme and Course Outcome

## MA Punjabi

# Multani Mal Modi College, Patiala

## Program Outcomes (POs) **ਪ੍ਰੋਗਰਾਮ ਕੇਂਦਰਿਤ ਪ੍ਰਾਪਤੀਆਂ**

ਇਸ ਪ੍ਰੋਗਰਾਮ ਦੀ ਪੜ੍ਹਾਈ ਨੂੰ ਪੂਰਾ ਕਰਨ ਉਪਰੰਤ ਵਿਦਿਆਰਥੀਆਂ ਦੀ ਸਮਰੱਥਾ ਵਿਚ ਹੇਠ ਲਿਖੇ ਅਨੁਸਾਰ ਉਸਾਰੂ ਵਾਧਾ ਹੋਵੇਗਾ :

1. ਇਸ ਪ੍ਰੋਗਰਾਮ ਦੇ ਸਫਲਤਾਪੂਰਵਕ ਮੁਕੰਮਲ ਕਰਨ ਉਪਰੰਤ ਵਿਦਿਆਰਥੀ ਨੂੰ ਪੰਜਾਬੀ ਭਾਸ਼ਾ, ਸਾਹਿਤ, ਲੋਕਧਾਰਾ ਤੇ ਸਭਿਆਚਾਰ ਅਤੇ ਜਨ-ਸੰਚਾਰ ਬਾਰੇ ਮਹੱਤਵਪੂਰਨ ਜਾਣਕਾਰੀ, ਸਮਝ ਅਤੇ ਗਿਆਨ ਪ੍ਰਾਪਤ ਹੋ ਜਾਂਦਾ ਹੈ।
2. ਇਸ ਪ੍ਰੋਗਰਾਮ ਨਾਲ ਸਦੀਆਂ ਤੋਂ ਨਿਰੰਤਰ ਪ੍ਰਵਾਹਮਾਨ ਲੋਕ ਵਿਸ਼ਵਾਸ, ਲੋਕ ਚੇਤਨਾ, ਲੋਕ-ਪ੍ਰਗਟਾਅ ਰੂਪਾਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਸਰੂਪ ਅਤੇ ਰੂਪਾਂਤਰਣਾਂ ਸਬੰਧੀ ਜਾਣਕਾਰੀ ਹਾਸਲ ਹੋਵੇਗੀ।
3. ਇਸ ਪ੍ਰੋਗਰਾਮ ਨਾਲ ਵਿਦਿਆਰਥੀਆਂ ਵਿਚ ਪੰਜਾਬੀ ਭਾਸ਼ਾ, ਸਾਹਿਤ, ਜਨ-ਸੰਚਾਰ ਨਾਲ ਸਬੰਧਿਤ ਅਦਾਰਿਆਂ ਵਿਚ ਵਿਹਾਰਕ, ਅਕਾਦਮਿਕ ਅਤੇ ਖੋਜ-ਮੂਲਕ ਕਾਰਜਾਂ ਅਤੇ ਹੋਰ ਵਿਹਾਰਕ ਕਲਾਵਾਂ ਨਾਲ ਜੁੜੇ ਕਿੱਤਿਆਂ ਵਿਚ ਰੁਜਗਾਰ ਪ੍ਰਾਪਤ ਕਰਨ ਦੀ ਅਤੇ ਅਧਿਆਪਨ ਕਰਨ ਦੀ ਯੋਗਤਾ ਵਿਕਸਿਤ ਹੋ ਜਾਵੇਗੀ।
4. ਇਸ ਪ੍ਰੋਗਰਾਮ ਰਾਹੀਂ ਮਿਲਣ ਵਾਲੀ ਭਾਸ਼ਾਈ ਪ੍ਰਯੋਗ ਦੀ ਕੁਸ਼ਲਤਾ ਨਾਲ ਵਿਦਿਆਰਥੀ ਭਿੰਨ-ਭਿੰਨ ਅਦਾਰਿਆਂ ਵਿਚ ਅੰਗਰੇਜ਼ੀ, ਹਿੰਦੀ ਅਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਨਾਲ ਸਬੰਧਿਤ ਰੁਜਗਾਰ ਪ੍ਰਾਪਤ ਕਰਨ ਦੇ ਸਮਰੱਥ ਹੋ ਜਾਣਗੇ।
5. ਇਸ ਪ੍ਰੋਗਰਾਮ ਰਾਹੀਂ ਮਿਲਣ ਵਾਲੀ ਕਾਬਲੀਅਤ ਨਾਲ ਵਿਦਿਆਰਥੀ ਪੰਜਾਬ ਦੀ ਲੋਕਧਾਰਾ, ਮੱਧਕਾਲੀਨ ਸਾਹਿਤ ਖਾਸ ਕਰਕੇ ਗੁਰਬਾਣੀ ਤੇ ਸੂਫ਼ੀ ਸਾਹਿਤ ਅਤੇ ਆਧੁਨਿਕ ਸਾਹਿਤ ਵਿਚੋਂ ਪ੍ਰਾਪਤ ਹੋਣ ਵਾਲੀ ਸੁਹਜਾਤਮਕਤਾ, ਕਲਾਤਮਕਤਾ ਅਤੇ ਰਚਨਾਤਮਕਤਾ ਨੂੰ ਗ੍ਰਹਿਣ ਕਰਕੇ ਸਿਰਜਨਾਤਮਕ ਅਤੇ ਆਲੋਚਨਾਤਮਕ ਕਾਰਜ ਕਰਨ ਦੇ ਮਾਹਰ ਹੋ ਜਾਣਗੇ।
6. ਇਸ ਪ੍ਰੋਗਰਾਮ ਨਾਲ ਵਿਦਿਆਰਥੀ ਭਾਸ਼ਾਈ ਪ੍ਰਗਟਾਅ, ਅਧਿਆਪਨ, ਖੋਜ ਅਤੇ ਲੋਕ-ਸੰਪਰਕ ਆਦਿ ਕਲਾਵਾਂ ਵਿਚ ਮੁਹਾਰਤ ਹਾਸਲ ਕਰ ਸਕਣਗੇ।

M. M. Modi College

M. M. Modi College

ਕੋਰਸ ਕਰਨ ਦੇ ਲਾਭ (Course Outcomes)

M.A. (Punjabi) – I ( ਪੇਪਰ ਪਹਿਲਾ )

ਵਿਸ਼ਾ : ਪੰਜਾਬੀ ਸਾਹਿਤ ਦਾ ਇਤਿਹਾਸ

ਵਿਸ਼ੇ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਵਿਦਿਆਰਥੀਆਂ ਦੀ ਸਮਰੱਥਾ ਵਿਚ ਹੇਠ ਲਿਖੇ ਅਨੁਸਾਰ ਸਾਰਥਿਕ ਵਾਧਾ ਹੋਵੇਗਾ:

1. ਵਿਦਿਆਰਥੀ ਪੰਜਾਬੀ ਸਾਹਿਤ ਦੀ ਕਾਲ ਵੰਡ ,ਪ੍ਰਵਿਰਤੀਆਂ ,ਪ੍ਰਮੁੱਖ ਪੰਜਾਬੀ ਸਾਹਿਤਕਾਰਾਂ ਅਤੇ ਪ੍ਰਮੁੱਖ ਪੰਜਾਬੀ ਸਾਹਿਤ ਤੋਂ ਪਰਿਚਤ ਹੋਣਗੇ।
2. ਵਿਦਿਆਰਥੀ ਪੰਜਾਬੀ ਸਾਹਿਤ ਦੇ ਆਦਿ ਕਾਲ,ਮੱਧਕਾਲ ਅਤੇ ਅਧੁਨਿਕ ਕਾਲ ਦੇ ਸਮਾਜ ਅਤੇ ਸੱਭਿਆਚਾਰ ਦੀ ਸਮਝ ਗ੍ਰਹਿਣ ਕਰ ਲੈਣਗੇ ਅਤੇ ਇਹਨਾਂ ਦਾ ਤੁਲਨਾਤਮਕ ਅਧਿਅਨ ਕਰਕੇ ਇਹਨਾਂ ਵਿਚਲੇ ਸਬੰਧਾਂ ਅਤੇ ਅੰਤਰਾਂ ਦੀ ਸਮਝ ਪ੍ਰਾਪਤ ਕਰਨਗੇ।
3. ਪੰਜਾਬੀ ਸਾਹਿਤ ਦੇ ਇਤਿਹਾਸ ਦੇ ਸਮੁਚੇ ਕਾਲ ਖੰਡਾਂ ਦੇ ਸਾਹਿਤਕ ਬੋਧ ਦੇ ਅਧਾਰ ਤੇ ਅਧੁਨਿਕ ਪੰਜਾਬੀ ਸਾਹਿਤ ਨੂੰ ਸਮਝਣਗੇ ਤੇ ਇਸ ਵਿਚ ਕਿਰਿਆਸ਼ੀਲ ਮਨੁੱਖ ਅਤੇ ਸਮਾਜ ਨਾਲ ਸਬੰਧਿਤ ਵਿਚਾਰਾਂ ਅਤੇ ਭਾਵਾਂ ਨੂੰ ਸਮਝਣਗੇ।
4. ਪੰਜਾਬੀ ਸਾਹਿਤ ਦੇ ਇਤਿਹਾਸ ਦੀ ਅਲੋਚਨਾਤਮਕ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਉਹ ਇਸ ਵਿਸ਼ੇ ਦੇ ਸਬੰਧ ਵਿਚ ਅਧਿਆਪਨ ਕਰਨ ਦੇ ਸਮਰੱਥ ਹੋਣਗੇ।
5. ਪੰਜਾਬੀ ਸਾਹਿਤ ਦੇ ਇਤਿਹਾਸ ਦੇ ਪ੍ਰਸੰਗ ਵਿਚ ਵਿਦਿਆਰਥੀ ਨਵੀਆਂ ਖੋਜਾਂ ਕਰਨ ਦੇ ਵੀ ਕਾਬਲ ਹੋ ਜਾਣਗੇ।

M. M. Modi College

ਕੋਰਸ ਕਰਨ ਦੇ ਲਾਭ (Course Outcomes)

M.A. (Punjabi) – I (ਪੇਪਰ ਦੂਜਾ)

ਵਿਸ਼ਾ : ਸਾਹਿਤ ਆਲੋਚਨਾ ਦੇ ਸਿਧਾਂਤ

ਇਸ ਵਿਸ਼ੇ ਸਬੰਧੀ ਪੜ੍ਹਾਈ ਨੂੰ ਪੂਰਾ ਕਰਨ ਤੋਂ ਬਾਅਦ ਵਿਦਿਆਰਥੀ ਹੇਠ ਲਿਖਿਆਂ ਦੇ ਸਬੰਧ ਵਿਚ ਸਮਰੱਥ ਹੋ ਜਾਵੇਗਾ:

1. ਵਿਦਿਆਰਥੀ ਸਾਹਿਤ ਦੀ ਪਰਿਭਾਸ਼ਾ, ਸਾਹਿਤ ਦੇ ਪ੍ਰਯੋਜਨ, ਸਾਹਿਤ ਦੇ ਰੂਪ, ਸਾਹਿਤ ਦੇ ਵਿਸ਼ਿਆਂ ਅਤੇ ਪੰਜਾਬੀ, ਭਾਰਤੀ ਅਤੇ ਪੱਛਮੀ ਆਲੋਚਨਾ ਦੇ ਮੁੱਢਲੇ ਸਿਧਾਂਤਾਂ ਬਾਰੇ ਜਾਣਕਾਰੀ ਪ੍ਰਾਪਤ ਕਰੇਗਾ।
2. ਵਿਦਿਆਰਥੀ ਪੰਜਾਬੀ ਸਾਹਿਤ ਦੀ ਆਲੋਚਨਾ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰ ਸਕੇਗਾ ਅਤੇ ਇਸ ਜਾਣਕਾਰੀ ਦੇ ਆਧਾਰ ’ਤੇ ਸਾਹਿਤ ਅਤੇ ਸਾਹਿਤ ਆਲੋਚਨਾ ਦੇ ਮੁੱਢਲੇ ਨਿਯਮਾਂ ਨੂੰ ਸਮਝਣ ਅਤੇ ਉਹਨਾਂ ਦੀ ਸਾਹਿਤ ਨਾਲ ਅੰਤਰ-ਸਬੰਧਤਾ ਬਾਰੇ ਸੰਵਾਦ ਕਰਨ ਦੇ ਕਾਬਿਲ ਹੋ ਜਾਵੇਗਾ।
3. ਵਿਦਿਆਰਥੀ ਪੰਜਾਬੀ ਸਾਹਿਤ ਦੀ ਆਲੋਚਨਾ ਅਤੇ ਮੈਟਾ-ਆਲੋਚਨਾ ਅਤੇ ਪੰਜਾਬੀ ਸਾਹਿਤ ਦੇ ਪ੍ਰਮੁੱਖ ਆਲੋਚਕਾਂ ਬਾਰੇ ਮੁੱਢਲੀ ਅਤੇ ਵਿਸ਼ੇਸ਼ ਜਾਣਕਾਰੀ ਪ੍ਰਾਪਤ ਕਰੇਗਾ ਅਤੇ ਉਹ ਸਾਹਿਤ ਆਲੋਚਨਾ ਦੇ ਸਿਧਾਂਤਾਂ ਦੇ ਆਧਾਰ ਤੇ ਕਿਸੇ ਸਾਹਿਤਕ ਰਚਨਾ ਦੀ ਵਿਹਾਰਕ ਪਰਖ ਕਰਨ ਦੇ ਸਮਰੱਥ ਹੋ ਜਾਵੇਗਾ।
4. ਵਿਦਿਆਰਥੀ ਸਾਹਿਤ ਆਲੋਚਨਾ ਦੇ ਸਿਧਾਂਤਾਂ ਦੇ ਆਧਾਰ ’ਤੇ ਸਾਹਿਤਕ ਪਾਠਾਂ ਦੀ ਵਿਹਾਰਕ ਆਲੋਚਨਾ ਕਰਨ ਦੇ ਨਾਲ ਨਾਲ ਉਹਨਾਂ ਸਾਹਿਤਕ ਰਚਨਾਵਾਂ ਵਿਚਲੇ ਅਜਿਹੇ ਬੋਧ ਦੀ ਜਾਣਕਾਰੀ ਹਾਸਲ ਕਰਨ ਦੇ ਸਮਰੱਥ ਹੋ ਜਾਵੇਗਾ ਜਿਸ ਜਾਣਕਾਰੀ ਦੇ ਆਧਾਰ ’ਤੇ ਉਹ ਰਚਨਾ ਦੀ ਸਮਾਜਿਕ ਪ੍ਰਸੰਗਿਕਤਾ,

ਸਾਰਥਿਕਤਾ ਅਤੇ ਸਾਹਿਤਕ ਰਚਨਾਵਾਂ ਦੇ ਸੁਹਜਾਤਮਕ ਅਤੇ ਕਲਾਤਮਕ ਪੱਖਾਂ ਦਾ ਵਿਸ਼ਲੇਸ਼ਣ ਕਰਨ ਦੇ ਯੋਗ ਹੋ ਜਾਵੇਗਾ।

5. ਵਿਦਿਆਰਥੀ ਸਾਹਿਤਕ ਪਾਠਾਂ ਦੀ ਆਲੋਚਨਾ ਅਤੇ ਆਲੋਚਨਾਤਮਕ ਪਾਠਾਂ ਦੀ ਆਲੋਚਨਾ (ਮੈਟਾ-ਆਲੋਚਨਾ) ਕਰਨ ਦੇ ਅਤੇ ਇਸ ਅਧਿਐਨ ਨੂੰ ਆਲੋਚਨਾਤਮਕ ਵਿਸਲੇਸ਼ਣੀ ਸਮਝ ਨਾਲ ਲਿਖਤੀ ਰੂਪ ਦੇਣ ਦੇ ਸਮਰੱਥ ਹੋ ਜਾਵੇਗਾ ਜਿਸ ਨੂੰ ਉਹ ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਵਿਚ ਬਾਖੂਬੀ ਲਾਗੂ ਕਰਨ ਦੇ ਸਮਰੱਥ ਹੋ ਜਾਵੇਗਾ।

M. M. Modi College

ਕੋਰਸ ਕਰਨ ਦੀਆਂ ਪ੍ਰਾਪਤੀਆਂ (Course Outcomes)

M.A. (Punjabi) – 1 (ਪੇਪਰ ਤੀਜਾ)

**ਵਿਸ਼ਾ: ਪੰਜਾਬੀ ਨਾਟਕ**

ਵਿਸ਼ੇ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਵਿਦਿਆਰਥੀਆਂ ਦੀ ਸਮਰੱਥਾ ਵਿਚ ਹੇਠ ਲਿਖੇ ਅਨੁਸਾਰ ਸਾਰਥਿਕ ਵਾਧਾ ਹੋਵੇਗਾ:

1. ਵਿਦਿਆਰਥੀ ਦੀ ਸਾਹਿਤਕ ਸੂਝ ਵਿਚ ਵਾਧਾ ਤੇ ਸੰਵੇਦਨਸ਼ੀਲਤਾ ਦੇ ਗੁਣ ਦਾ ਉਭਾਰ।
2. ਵਿਹਾਰਕ ਜ਼ਿੰਦਗੀ ਪ੍ਰਤੀ ਮੁਲਾਂਕਣ ਦ੍ਰਿਸ਼ਟੀ।

3. ਸਿਰਜਣਾਤਮਕ ਰੁਚੀਆਂ ਦੇ ਉਭਾਰ ਤਹਿਤ ਵਿਦਿਆਰਥੀ ਸੁਤੰਤਰ ਲੇਖਕ/ਨਾਟਕਕਾਰ/ਰੰਗਕਰਮੀ/ਆਲੋਚਕ ਬਣਨ ਦੇ ਯੋਗ ਹੋ ਸਕਦੇ ਹਨ।
4. ਨਾਟਕ/ਰੰਗਮੰਚ ਦੀ ਸਿਧਾਂਤਕ ਸਮਝ ਵਿਦਿਆਰਥੀਆਂ ਨੂੰ ਰੰਗਮੰਚ ਪ੍ਰਦਰਸ਼ਨ ਦੇ ਤਕਨੀਕੀ ਸੰਕਲਪਾਂ ਨੂੰ ਜਾਣਨ ਵਿਚ ਸਹਾਇਤਾ ਕਰੇਗੀ ਜਿਸ ਨਾਲ ਉਹ ਰੰਗਕਰਮੀ ਦੇ ਤੌਰ ਉੱਤੇ ਸਮਾਜ ਵਿਚ ਆਪਣੀ ਪਛਾਣ ਸਥਾਪਿਤ ਕਰ ਸਕਦੇ ਹਨ।
5. ਵਿਸ਼ਵ ਪੱਧਰ ਉੱਤੇ ਪ੍ਰਚੱਲਤ ਨਾਟ ਪ੍ਰੰਪਰਾਵਾਂ ਦਾ ਗਿਆਨ ਵਿਦਿਆਰਥੀਆਂ ਨੂੰ ਵਿਸ਼ਵ ਸਰੋਕਾਰਾਂ/ਨਾਟ ਤਕਨੀਕਾਂ ਦੇ ਹਾਣ ਦਾ ਬਣਾਏਗਾ।
6. ਪੋਸਟ-ਗ੍ਰੈਜੂਏਸ਼ਨ ਉਪਰੰਤ ਵਿਦਿਆਰਥੀਆਂ ਵਿਚ ਨਾਟਕ/ਰੰਗਮੰਚ ਖੇਤਰ ਵਿਚ ਖੋਜ ਕਰਨ ਦੀ ਰੁਚੀ ਵਿਚ ਵਾਧਾ ਹੋਵੇਗਾ।
7. ਵਿਦਿਆਰਥੀ ਵਿਭਿੰਨ ਸਮਾਜਿਕ ਮੁੱਦਿਆਂ ਸਬੰਧੀ ਆਪਣੇ ਵਿਚਾਰਾ ਲਿਖਤ, ਮੌਖਿਕ ਤੇ ਪ੍ਰਦਰਸ਼ਿਤ ਰੂਪ ਵਿਚ ਸੰਚਾਰ ਕਰਨ ਦੇ ਸਮਰੱਥ ਹੋਣਗੇ।

M. M. Modi College

ਕੋਰਸ ਕਰਨ ਦੀਆਂ ਪ੍ਰਾਪਤੀਆਂ (Course Outcomes)

M.A. (Punjabi) – 1 (ਪੇਪਰ ਚੌਥਾ)

**ਵਿਸ਼ਾ: ਆਧੁਨਿਕ ਪੰਜਾਬੀ ਕਾਵਿ - ।**

ਵਿਸ਼ੇ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਵਿਦਿਆਰਥੀਆਂ ਦੀ ਸਮਰੱਥਾ ਵਿਚ ਹੇਠ ਲਿਖੇ ਅਨੁਸਾਰ ਸਾਰਥਿਕ ਵਾਧਾ ਹੋਵੇਗਾ:

1. ਕਵਿਤਾ ਪੜ੍ਹਨ ਤੋਂ ਬਾਅਦ ਵਿਦਿਆਰਥੀਆਂ ਨੂੰ ਭਾਸ਼ਾ ਦੀ ਸਮਰੱਥਾ ਦਾ ਪਤਾ ਲੱਗੇਗਾ।
2. ਵਿਦਿਆਰਥੀਆਂ ਅੰਦਰ ਸਾਹਿਤ ਪੜ੍ਹਨ ਅਤੇ ਸਾਹਿਤ ਰਚਣ ਦੀ ਯੋਗਤਾ ਦਾ ਵਿਕਾਸ ਹੋਵੇਗਾ।
3. ਕਵਿਤਾ ਦੀ ਪੜ੍ਹਾਈ ਵਿਦਿਆਰਥੀਆਂ ਦੀ ਕਲਪਨਾ ਸ਼ਕਤੀ ਵ੍ਿਚ ਵਾਧਾ ਕਰੇਗੀ।
4. ਆਧੁਨਕਿ ਪੰਜਾਬੀ ਕਵਿਤਾ ਪੜ੍ਹਦਿਆਂ ਵਿਦਿਆਰਥੀਆਂ ਨੂੰ ਸਮਾਜ ਦੀਆਂ ਵਿਸੰਗਤੀਆਂ ਦਾ ਸੂਖ਼ਮ ਪ੍ਰਗਟਾਵਾ ਮਿਲੇਗਾ ਜਿਸ ਨਾਲ ਉਹ ਸਮਾਜ ਨੂੰ ਹੋਰ ਸੋਹਣਾ ਬਣਾਉਣ ਲਈ ਯਤਨ ਕਰਨਗੇ।
5. ਕਵਿਤਾ ਵਿਦਿਆਰਥੀਆਂ ਦੀ ਸ਼ਖ਼ਸੀਅਤ ਨਖਾਰਨ ਵਿਚ ਅਹਿਮ ਰੋਲ ਅਦਾ ਕਰੇਗੀ।

M. M. Modi College

ਕੋਰਸ ਕਰਨ ਦੀਆਂ ਪ੍ਰਾਪਤੀਆਂ (Course Outcomes)

M.A. (Punjabi) – 1 (ਪੇਪਰ ਪੰਜਵਾਂ)

ਵਿਸ਼ਾ : ਆਧੁਨਿਕ ਪੰਜਾਬੀ ਗਲਪ

ਵਿਸ਼ੇ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਵਿਦਿਆਰਥੀਆਂ ਦੀ ਸਮਰੱਥਾ ਵਿਚ ਹੇਠ ਲਿਖੇ ਅਨੁਸਾਰ ਸਾਰਥਿਕ ਵਾਧਾ ਹੋਵੇਗਾ:

1. ਇਸ ਕੋਰਸ ਵਿਚਲੇ ਪੰਜਾਬੀ ਗਲਪ ਨਾਲ ਨਾ ਕੇਵਲ ਪੰਜਾਬੀ ਵਿਚ ਗਲਪ-ਰੂਪਾਂ ਦੀ ਰਚਨਾ ਪ੍ਰਕਿਰਿਆ ਤੋਂ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ ਸਗੋਂ ਇਸ ਦੇ ਅਧਿਆਪਨ ਅਤੇ ਖੋਜ ਨਾਲ ਸਬੰਧਤ ਪ੍ਰੋਜੈਕਟਾਂ ਲਈ ਵੀ ਇਹ ਆਧਾਰ-ਮੂਲਕ ਕੋਰਸ ਹੈ।
2. ਇਸ ਕੋਰਸ ਨਾਲ ਪੰਜਾਬੀ ਪਛਾਣ ਦੀ ਗਲਪ-ਰੂਪ ਵਿਧੀ ਦੀ ਪ੍ਰਕਿਰਤੀ ਤੇ ਵਿਸ਼ੇਸ਼ਤਾਵਾਂ ਦਾ ਬੁਨਿਆਦੀ ਗਿਆਨ ਸੰਭਵ ਹੁੰਦਾ ਹੈ।
3. ਇਸ ਕੋਰਸ ਨਾਲ ਮਿਲਣ ਵਾਲੀ ਗਿਆਨ ਸਮਰੱਥਾ ਨਾਲ ਅਸੀਂ ਸਮਕਾਲੀ ਗਲਪ ਦਾ ਪੰਜਾਬੀ ਅਤੇ ਭਾਰਤੀ ਕਥਾ ਪਰੰਪਰਾ ਦੇ ਪਰਿਪੇਖ ਵਿਚ ਅਧਿਐਨ ਅਤੇ ਖੋਜ ਕਰਨ ਦੇ ਯੋਗ ਹੋ ਜਾਂਦੇ ਹਾਂ।
4. ਇਸ ਕੋਰਸ ਰਾਹੀਂ ਮਿਲਣ ਵਾਲੀ ਜਾਣਕਾਰੀ ਨਾਲ ਅਸੀਂ ਪੰਜਾਬ ਦੀ ਮੱਧਕਾਲੀਨ ਬਿਰਤਾਂਤਕ ਪਰੰਪਰਾ ਦੇ ਆਧੁਨਿਕ ਰੂਪਾਂਤਰਣ ਵਿਚ ਸੰਭਵ ਹੋਣ ਵਾਲੀ ਸਾਂਝ ਤੇ ਵਖਰੇਵਿਆਂ ਬਾਰੇ ਸਮਝ ਹਾਸਲ ਕਰ ਸਕਦੇ ਹਾਂ।
5. ਇਸ ਕੋਰਸ ਨਾਲ ਅਸੀਂ ਗਲਪੀ ਭਾਸ਼ਾਈ ਪ੍ਰਗਟਾਅ ਕਲਾ ਦੇ ਨਾਲ-ਨਾਲ ਚੰਗੇਰੇ ਅਧਿਆਪਨ, ਖੋਜ ਅਤੇ ਸਕ੍ਰਿਪਟ ਲੇਖਣ ਵਰਗੀਆਂ ਕਲਾਵਾਂ ਵਿਚ ਵੀ ਮੁਹਾਰਤ ਹਾਸਲ ਕਰ ਸਕਦੇ ਹਾਂ।

M. M. Modi College

ਕੋਰਸ ਕਰਨ ਦੀਆਂ ਪ੍ਰਾਪਤੀਆਂ (Course Outcomes)

M.A. (Punjabi) – II (ਪੇਪਰ ਪਹਿਲਾ)

**ਵਿਸ਼ਾ: ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ**

ਵਿਸ਼ੇ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਵਿਦਿਆਰਥੀਆਂ ਦੀ ਸਮਰੱਥਾ ਵਿਚ ਹੇਠ ਲਿਖੇ ਅਨੁਸਾਰ ਸਾਰਥਕ ਵਾਧਾ ਹੋਵੇਗਾ:

1. ਭਾਸ਼ਾ ਵਿਗਿਆਨਕ ਵਿਧੀਆਂ ਰਾਹੀਂ ਵਿਦਿਆਰਥੀ ਭਾਸ਼ਾ ਦੇ ਸੰਰਚਨਾਤਮਕ, ਵਿਹਾਰਕ ਤੇ ਸਮਾਜਕ ਪੱਖ ਬਾਰੇ ਗਿਆਨ ਹਾਸਲ ਕਰਕੇ ਅਧਿਆਪਨ ਦਾ ਕੰਮ ਵਧੇਰੇ ਕੁਸ਼ਲਤਾ ਨਾਲ ਕਰਨਗੇ।
2. ਇਤਿਹਾਸਕ ਅਤੇ ਤੁਲਨਾਤਮਕ ਭਾਸ਼ਾਈ ਵਿਧੀਆਂ ਰਾਹੀਂ ਦੁਨੀਆ ਦੇ ਭਾਸ਼ਾਈ ਪਰਿਵਾਰਾਂ ਦੀ ਜਾਣਕਾਰੀ ਪ੍ਰਾਪਤ ਕਰਕੇ ਪੰਜਾਬੀ ਭਾਸ਼ਾ ਦਾ ਵਿਗਿਆਨਕ ਅਤੇ ਵਿਸਤ੍ਰਿਤ ਅਧਿਐਨ ਕਰਨ ਦੇ ਸਮਰੱਥ ਹੋਣਗੇ।
3. ਦੁਨੀਆ ਦੇ ਭਾਸ਼ਾਈ ਚਿੰਤਕਾਂ ਦੇ ਭਾਸ਼ਾਈ ਸਿਧਾਂਤਾਂ ਦੇ ਗਿਆਨ ਦੀ ਰੌਸ਼ਨੀ ਵਿਚ ਪੰਜਾਬੀ ਭਾਸ਼ਾ ਦੇ ਵਿਭਿੰਨ ਪੱਖਾਂ ਬਾਰੇ ਖੋਜ ਕਾਰਜ ਕਰ ਸਕਣਗੇ।
4. ਲਿਖਤੀ, ਬੋਲਚਾਲੀ ਅਤੇ ਸੰਕੇਤਕ ਭਾਸ਼ਾ ਵਿਚ ਮੁਹਾਰਤ ਹਾਸਲ ਕਰਕੇ ਭਾਸ਼ਾ ਦੇ ਹੋਰ ਵਿਭਿੰਨ ਪਹਿਲੂਆਂ ਨੂੰ ਪਛਾਣਨ ਦੀ ਮੁਹਾਰਤ ਹਾਸਲ ਕਰਨਗੇ।
5. ਆਪਣੀ ਭਾਸ਼ਾਈ ਸਮਰੱਥਾ ਦੀ ਵਰਤੋਂ ਕਰਕੇ ਨਿੱਜੀ ਅਤੇ ਸਮਾਜਕ ਜ਼ਿੰਦਗੀ ਦੇ ਨਾਲ ਨਾਲ ਮੀਡੀਆ, ਅਨੁਵਾਦ ਅਤੇ ਕਲਾ ਆਦਿ ਦੇ ਖੇਤਰਾਂ ਵਿਚ ਜ਼ਿਕਰਯੋਗ ਭੂਮਿਕਾ ਨਿਭਾਅ ਸਕਦੇ ਹਨ।

M. M. Modi College

ਕੋਰਸ ਕਰਨ ਦੀਆਂ ਪ੍ਰਾਪਤੀਆਂ (Course Outcomes)

M.A. (Punjabi) – II (ਪੇਪਰ ਦੂਜਾ)

ਵਿਸ਼ਾ : ਪੰਜਾਬੀ ਲੋਕਧਾਰਾ ਅਤੇ ਸਭਿਆਚਾਰ

ਵਿਸ਼ੇ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਵਿਦਿਆਰਥੀਆਂ ਦੀ ਸਮਰੱਥਾ ਵਿਚ ਹੇਠ ਲਿਖੇ ਅਨੁਸਾਰ ਸਾਰਥਿਕ ਵਾਧਾ ਹੋਵੇਗਾ:

1. ਇਸ ਕੋਰਸ ਵਿਚਲੇ ਵਿਸ਼ਿਆਂ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਨਾਲ ਪੰਜਾਬੀ ਲੋਕਧਾਰਾ ਤੇ ਸਭਿਆਚਾਰ ਬਾਰੇ ਮਹੱਤਵਪੂਰਨ ਜਾਣਕਾਰੀ, ਸਮਝ ਅਤੇ ਗਿਆਨ ਪ੍ਰਾਪਤ ਹੁੰਦਾ ਹੈ।
2. ਇਸ ਕੋਰਸ ਨਾਲ ਸਦੀਆਂ ਤੋਂ ਨਿਰੰਤਰ ਪ੍ਰਵਾਹਮਾਨ ਲੋਕ-ਵਿਸ਼ਵਾਸ, ਲੋਕ-ਚੇਤਨਾ, ਲੋਕ-ਪ੍ਰਗਟਾਅ, ਰੂਪਾਂ ਦੇ ਸਰੂਪ ਅਤੇ ਇਸ ਵਿਚ ਵਾਪਰਨ ਵਾਲੇ ਰੂਪਾਂਤਰਣਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।
3. ਇਸ ਕੋਰਸ ਨਾਲ ਪੰਜਾਬੀ ਲੋਕਧਾਰਾਈ ਅਤੇ ਸਭਿਆਚਾਰਕ ਰੂਪਾਂ ਅਤੇ ਵੰਨਗੀਆਂ ਬਾਰੇ ਵਿਵਹਾਰਕ, ਅਕਾਦਮਿਕ ਅਤੇ ਖੋਜ-ਮੂਲਕ ਸਮਝ ਵਿਕਸਤ ਕੀਤੀ ਜਾ ਸਕਦੀ ਹੈ।
4. ਇਸ ਕੋਰਸ ਰਾਹੀਂ ਮਿਲਣ ਵਾਲੀ ਜਾਣਕਾਰੀ ਨਾਲ ਅਸੀਂ ਪੰਜਾਬੀ ਲੋਕਧਾਰਾਈ ਤੇ ਸਭਿਆਚਾਰ ਰੂਪਾਂ ਦੇ ਮੱਧਕਾਲੀਨ ਤੇ ਆਧੁਨਿਕ ਸਾਹਿਤ ਵਿਚ ਮਿਲਣ ਵਾਲੇ ਸੁਹਜਾਤਮਕਤਾ, ਕਲਾਤਮਕਤਾ ਅਤੇ ਰਚਨਾਤਮਕਤਾ ਨਿਭਾਅ ਤੇ ਰੂਪਾਂਤਰਣਾਂ ਦੀ ਪਹਿਚਾਣ ਕਰ ਸਕਦੇ ਹਾਂ।
5. ਇਸ ਪ੍ਰੋਗਰਾਮ ਨਾਲ ਵਿਦਿਆਰਥੀ ਪੰਜਾਬੀ ਲੋਕਧਾਰਾਈ ਤੇ ਸਭਿਆਚਾਰਕ ਰੂਪਾਂ ਅਤੇ ਕਲਾਵਾਂ ਦੀਆਂ ਵਿਚਹਾਰਕ ਪੇਸ਼ਕਾਰੀਆਂ ਕਰਨ ਵਿਚ ਮੁਹਾਰਤ ਹਾਸਿਲ ਕਰਨਗੇ।

M. M. Modi College

ਕੋਰਸ ਕਰਨ ਦੇ ਲਾਭ (Course Outcomes)

M.A. (Punjabi) – II (ਪੇਪਰ ਤੀਜਾ)

ਵਿਸ਼ਾ : ਗੁਰਮਤਿ ਕਾਵਿ

ਵਿਸ਼ੇ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਵਿਦਿਆਰਥੀਆਂ ਦੀ ਸਮਰੱਥਾ ਵਿਚ ਹੇਠ ਲਿਖਿਆ ਮੁੱਲਵਾਨ ਵਾਧਾ ਹੋਵੇਗਾ:

1. ਮੱਧਕਾਲੀਨ ਅਧਿਆਤਮਕ ਵਿਰਸੇ ਤੋਂ ਜਾਣੂ ਹੋਣਗੇ।
2. ਇਸ ਕਾਵਿ ਵਿਚ ਪ੍ਰਗਟਾਈ ਜੀਵਨ ਜਾਂਚ ਨੂੰ ਸਮਝਣ ਦੇ ਸਮਰੱਥ ਹੋਣਗੇ।
3. ਵਰਤਮਾਨ ਜੀਵਨ ਸ਼ੈਲੀ ਅਤੇ ਮੱਧਕਾਲੀਨ ਜੀਵਨ ਸ਼ੈਲੀ ਦਾ ਤੁਲਨਾਤਮਕ ਅਧਿਐਨ ਕਰਦਿਆਂ ਚੰਗੀਆਂ ਮਾਨਵੀ ਕਦਰਾਂ ਕੀਮਤਾਂ ਤੋਂ ਵਾਕਿਫ ਹੋ ਜਾਣਗੇ।
4. ਇਸ ਕਾਵਿ ਨੂੰ ਪੜ੍ਹਣ ਨਾਲ ਇਸ ਰਾਹੀਂ ਉਸਾਰੀਆਂ ਸੁਚੱਜੀਆਂ ਕਦਰਾਂ ਕੀਮਤਾਂ ਉਹਨਾਂ ਦੀ ਸ਼ਖਸੀਅਤ ਦਾ ਹਿੱਸਾ ਬਣਗੀਆਂ।
5. ਇਸ ਵਿਸ਼ੇ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਉਹ ਉਤਮ ਮਨੁੱਖ ਬਨਣਗੇ ਜਿਸ ਦਾ ਉਹਨਾਂ ਨੂੰ ਵਿਅਕਤੀਗਤ ਲਾਭ ਤਾਂ ਹੋਵੇਗਾ ਹੀ ਸਗੋਂ ਉਹ ਸਮਾਜ ਲਈ ਵੀ ਲਾਭਦਾਇਕ ਹੋਣਗੇ।

M. M. Modi College

ਕੋਰਸ ਕਰਨ ਦੇ ਲਾਭ (Course Outcomes)

M.A. (Punjabi) – II (ਪੇਪਰ ਚੌਥਾ)

ਵਿਸ਼ਾ : ਆਧੁਨਿਕ ਪੰਜਾਬੀ ਵਾਰਤਕ

'ਪੰਜਾਬੀ ਵਾਰਤਕ' ਵਿਸ਼ੇ ਸਬੰਧੀ ਪੜ੍ਹਾਈ ਨੂੰ ਪੂਰਾ ਕਰਨ ਤੋਂ ਬਾਅਦ ਵਿਦਿਆਰਥੀਆਂ ਵਿਚ ਹੇਠ ਲਿਖੇ ਅਨੁਸਾਰ ਸਮਰੱਥਾ ਆ ਜਾਵੇਗੀ:

1. ਪੰਜਾਬੀ ਵਾਰਤਕ ਪੜ੍ਹ ਕੇ ਵਿਦਿਆਰਥੀ ਪੰਜਾਬੀ ਵਾਰਤਕ ਸਾਹਿਤ ਰੂਪਾਂ,ਵਾਰਤਕ ਦੇ ਇਤਿਹਾਸ, ਵਰਤਮਾਨ ਤੇ ਭਵਿੱਖ ਬਾਰੇ ਜਾਣਨ ਦੇ ਨਾਲ- ਨਾਲ ਵਾਰਤਕਾਰਾਂ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰ ਸਕੇਗਾ ।
2. ਵਾਰਤਕ ਦੀ ਸਮਝ ਆਉਣ 'ਤੇ ਵਿਦਿਆਰਥੀ ਗੱਦ ਤੇ ਪਦ ਵਿੱਚ ਵਖਰੇਵੇਂ ਨੂੰ ਸਮਝਦਾ ਹੋਇਆ ਪੁਰਾਤਨ ਵਾਰਤਕ ਤੇ ਆਧੁਨਿਕ ਵਾਰਤਕ ਨੂੰ ਤੁਲਨਾਉਣ ਦੇ ਕਾਬਿਲ ਹੋ ਜਾਵੇਗਾ।
3. ਵਾਰਤਕ ਰਚਨਾਵਾਂ ਤੋਂ ਬੋਧ ਪਰਾਪਤ ਕਰਕੇ ਵਿਦਿਆਰਥੀ ਇਹਨਾਂ ਦੇ ਆਧਾਰ ਤੇ ਮਨੁੱਖੀ ਜੀਵਨ ਤੇ ਸਮਾਜ ਨੂੰ ਸਮਝਣ ਦੇ ਕਾਬਿਲ ਹੋ ਜਾਵੇਗਾ।
4. ਉਪਰੋਕਤ ਦੇ ਆਧਾਰ 'ਤੇ ਵਿਦਿਆਰਥੀ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਨਵੀਆਂ ਖੋਜਾਂ ਕਰਨ ਦੇ ਕਾਬਿਲ ਹੋ ਜਾਵੇਗਾ।
5. ਉਪਰੋਕਤ ਦੇ ਆਧਾਰ 'ਤੇ ਵਿਦਿਆਰਥੀ ਨਵੀਂ ਵਾਰਤਕ ਸਿਰਜਣ ਵੱਲ ਰੁਚਿਤ ਹੋਵੇਗਾ।

M. M. Modi College

ਕੋਰਸ ਕਰਨ ਦੇ ਲਾਭ (Course Outcomes)

M.A. (Punjabi) – II (ਪੇਪਰ ਪੰਜਵਾਂ)

ਵਿਸ਼ਾ : ਸੂਫੀ ਕਾਵਿ, ਬੀਰ ਕਾਵਿ, ਕਿੱਸਾ ਕਾਵਿ

ਇਸ ਵਿਸ਼ੇ ਸਬੰਧੀ ਪੜ੍ਹਾਈ ਨੂੰ ਪੂਰਾ ਕਰਨ ਤੋਂ ਬਾਅਦ ਵਿਦਿਆਰਥੀਆਂ ਵਿਚ ਹੇਠ ਲਿਖੇ ਅਨੁਸਾਰ ਸਮਰੱਥਾ ਆ ਜਾਵੇਗੀ:

1. ਵਿਦਿਆਰਥੀ ਮੱਧਕਾਲੀ ਪੰਜਾਬੀ ਸਾਹਿਤ ਦੀਆਂ ਮੁੱਖ ਕਾਵਿ ਧਾਰਾਵਾਂ (ਸੂਫ਼ੀ ਕਾਵਿ, ਬੀਰ ਕਾਵਿ, ਕਿੱਸਾ ਕਾਵਿ) ਬਾਰੇ ਜਾਣਕਾਰੀ ਪ੍ਰਾਪਤ ਕਰ ਲਵੇਗਾ ਅਤੇ ਇਹਨਾਂ ਕਾਵਿ ਧਾਰਾਵਾਂ ਦੇ ਮੁੱਖ ਕਵੀਆਂ ਅਤੇ ਉਹਨਾਂ ਦੀਆਂ ਮੁੱਖ ਰਚਨਾਵਾਂ ਬਾਰੇ ਜਾਣਕਾਰੀ ਹਾਸਲ ਕਰ ਲਵੇਗਾ।
2. ਵਿਦਿਆਰਥੀ ਇਹਨਾਂ ਕਾਵਿ ਧਾਰਾਵਾਂ ਦੇ ਪ੍ਰਸੰਗ ਵਿਚ ਮੱਧਕਾਲੀ ਪੰਜਾਬੀ ਕਾਵਿ ਧਾਰਾ ਅਤੇ ਆਧੁਨਿਕ ਪੰਜਾਬੀ ਕਾਵਿ ਧਾਰਾ ਵਿਚਲੇ ਸਬੰਧਾਂ, ਵਖਰੇਵਿਆਂ ਅਤੇ ਸੰਵਾਦਾਂ ਬਾਰੇ ਜਾਣਕਾਰੀ ਲਵੇਗਾ ਅਤੇ ਇਸ ਬਾਰੇ ਸੰਵਾਦ ਰਚਾ ਸਕਣ ਦੇ ਸਮਰੱਥ ਹੋ ਜਾਵੇਗਾ।
3. ਵਿਦਿਆਰਥੀ ਇਹਨਾਂ ਮੱਧਕਾਲੀ ਕਾਵਿ ਧਾਰਾਵਾਂ ਦੇ ਪ੍ਰਸੰਗ ਵਿਚ ਪੰਜਾਬੀ ਪਰੰਪਰਾ, ਪੰਜਾਬੀ ਸਮਾਜ-ਸਭਿਆਚਾਰਕ ਬਣਤਰਾਂ ਦੇ ਇਤਿਹਾਸ, ਲੋਕਧਾਰਾ ਅਤੇ ਮੱਧਕਾਲ ਦੇ ਪੰਜਾਬ ਦੇ ਮੁੱਲ-ਪ੍ਰਬੰਧ ਨੂੰ ਆਲੋਚਨਾਤਮਕ ਸੂਝ ਨਾਲ ਗ੍ਰਹਿਣ ਕਰੇਗਾ ਅਤੇ ਇਸ ਸੂਝ ਦੇ ਆਧਾਰ ’ਤੇ ਵਰਤਮਾਨ ਨੂੰ ਜਾਣਨ ਦੇ ਸਮਰੱਥ ਹੋ ਜਾਵੇਗਾ।
4. ਵਿਦਿਆਰਥੀ ਇਹਨਾਂ ਕਾਵਿ-ਧਾਰਾਵਾਂ ਦੇ ਪ੍ਰਸੰਗ ਵਿਚ ਮੱਧਕਾਲੀ ਸਾਹਿਤ ਦੇ ਖੇਤਰ ਵਿਚ ਖੋਜ ਅਤੇ ਸਮੀਖਿਆ ਕਰਨ ਦੇ ਸਮਰੱਥ ਹੋ ਜਾਵੇਗਾ।
5. ਇਹਨਾਂ ਮੱਧਕਾਲੀ ਕਾਵਿ ਧਾਰਾਵਾਂ ਦੇ ਆਧਾਰ ਤੇ ਉੱਭਰੀ ਬਹੁ-ਪਰਤੀ, ਬਹੁ-ਦਿਸ਼ਾਵੀ ਅਤੇ ਬਹੁ-ਪਾਸਾਰੀ ਚੇਤਨਾ ਦੇ ਆਧਾਰ ਤੇ ਵਿਦਿਆਰਥੀਆਂ ਵਿਚ ਸਾਹਿਤਕ ਰਚਨਾ ਕਰਨ ਦੀ ਸਮਰੱਥਾ ਆ ਜਾਵੇਗੀ ਅਤੇ ਉਹ ਆਪਣੀਆਂ ਸਾਹਿਤਕ ਸਿਰਜਨਾਵਾਂ ਵਿਚ ਮੱਧਕਾਲੀ ਕਾਵਿ ਦੇ ਆਧਾਰ ਤੇ ਸਿਰਜਿਤ ਰੂੜੀਆਂ ਨੂੰ ਆਪਣੀਆਂ ਰਚਨਾਵਾਂ ਵਿਚ ਵਿਧਾ ਅਤੇ ਵਿਸ਼ੇ ਪੱਖ ਤੋਂ ਵਰਤਣ ਦੇ ਸਮਰੱਥ ਹੋ ਜਾਣਗੇ।

M. M. Modi College